# ਸਭਿਆਚਰਕ ਨਵ-ਜਾਗ੍ਰਿਤੀ ਦਾ ਪ੍ਰਵਚਨ : ਭਗਤ ਕਬੀਰ ਬਾਣੀ

ਜਗਬੀਰ ਸਿੰਘ*

ਭਗਤ ਕਬੀਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਮਹਾਨ ਸੰਤਾਂ, ਸੂਫ਼ੀਆਂ ਅਤੇ ਗੁਰੂ-ਵਿਅਕਤੀਆਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਰੂਹਾਨੀ ਕਲਾਮ ਰਾਹੀਂ ਧਰਮ, ਸਮਾਜ ਅਤੇ ਸਭਿਆਚਾਰ ਦੇ ਖੇਤਰ ਵਿਚ ਜਾਗ੍ਰਿਤੀ (renaissance) ਦੀ ਵਿਆਪਕ ਲਹਿਰ ਨੂੰ ਉਸਾਰਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। ਭਗਤੀ ਲਹਿਰ ਦੀ ਨਿਰਗੁਣਧਾਰਾ ਦੇ ਇਸ ਮਹਾਨ ਸੰਤ ਦੀ ਬਾਣੀ ਸਿੱਖ ਧਰਮ ਦੇ ਪਾਵਨ ਗ੍ਰੰਥ, ਗੁਰੂ ਗ੍ਰੰਥ ਸਾਹਿਬ, ਵਿਚ ਸ਼ਾਮਿਲ ਹੈ। ਕਬੀਰ-ਬਾਣੀ ਨੂੰ ਸਭਿਆਚਰਕ ਜਾਗ੍ਰਿਤੀ ਦੇ ਪਰਿਪੇਖ ਵਿਚ ਰੱਖ ਕੇ ਵਾਚਣ ਅਤੇ ਵਿਚਾਰਨ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਜਿਹੀ ਚਰਚਾ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ। ਮੁੱਢਲੀ ਗੱਲ ਇਹ ਹੈ ਕਿ ਕਬੀਰ ਜੀ ਦੇ ਜਨਮ ਅਤੇ ਜੀਵਨ ਬਾਰੇ ਇਤਿਹਾਸਕ ਤੱਥਾਂ ਨਾਲੋਂ ਲੋਕ-ਰਵਾਇਤਾਂ ਵਧੇਰੇ ਪ੍ਰਚੱਲਤ ਹਨ ਜੋ ਇਨ੍ਹਾਂ ਦੀ ਅਲੌਕਿਕ ਹਸਤੀ ਅਤੇ ਚਮਤਕਾਰੀ ਸ਼ਖ਼ਸੀਅਤ ਵਲ ਸੰਕੇਤ ਕਰਦੀਆਂ ਹਨ। ਵਿਦਵਾਨਾਂ ਦੀ ਬਹੁ-ਸੰਮਤੀ ਅਨੁਸਾਰ ਕਬੀਰ ਜੀ ਦਾ ਜਨਮ 1398 ਈਸਵੀ ਵਿਚ ਉੱਤਰ ਪ੍ਰਦੇਸ਼ ਵਿਚ ਵਾਰਾਣਾਸੀ (ਬਨਾਰਸ) ਵਿਖੇ ਹੋਇਆ ਅਤੇ ਦੇਹਾਂਤ ਮਗਹਰ ਵਿਖੇ ਹੋਇਆ। ਇਸੇ ਤਰ੍ਹਾਂ ਇਨ੍ਹਾਂ ਦੇ ਜਨਮ ਬਾਰੇ ਮੁੱਖ ਤੌਰ ਤੇ ਦੋ ਰਵਾਇਤਾਂ ਪ੍ਰਚੱਲਤ ਹਨ –

(1) ਇਨ੍ਹਾਂ ਦਾ ਜਨਮ ਇਕ ਮੁਸਲਿਮ ਪਰਿਵਾਰ ਵਿਚ ਹੋਇਆ। ਇਨ੍ਹਾਂ ਦੇ ਮਾਤਾ ਪਿਤਾ – ਨੀਰੂ ਅਤੇ ਨੀਮਾ – ਜਾਤ ਦੇ ਜੁਲਾਹੇ ਸਨ।

(2) ਇਨ੍ਹਾਂ ਦਾ ਜਨਮ ਇਕ ਬ੍ਰਾਹਮਣ ਕੰਨਿਆ ਦੀ ਕੁਖੋਂ ਹੋਇਆ ਜੋ ਲੋਕ ਲਾਜ ਕਾਰਣ ਇਨ੍ਹਾਂ ਨੂੰ ਜੰਮਦਿਆਂ ਹੀ ਲਹਿਰਤਾਰਾ ਤਲਾਅ ਨੇੜੇ ਛੱਡ ਗਈ ਸੀ ਅਤੇ ਇਨ੍ਹਾਂ ਨੂੰ ਨੀਰੂ ਤੇ ਨੀਮਾ ਦੇ ਮੁਸਲਿਮ ਪਰਿਵਾਰ ਨੇ ਪਾਲਿਆ।[1]

ਇਨ੍ਹਾਂ ਲੋਕ-ਰਵਾਇਤਾਂ ਅਨੁਸਾਰ ਕਬੀਰ ਜੀ ਦਾ ਸੰਬੰਧ ਮੱਧਕਾਲੀਨ ਭਾਰਤ ਦੀਆਂ ਦੋ ਪ੍ਰਮੁੱਖ ਧਰਮ-ਸੰਸਕ੍ਰਿਤੀਆਂ ਨਾਲ ਜਾ ਜੁੜਦਾ ਹੈ ਅਤੇ ਦੋਹਾਂ ਵਿਚਕਾਰ ਅਨੋਖੀ ਸਾਂਝ ਅਤੇ ਸੁਮੇਲ ਦਾ ਪ੍ਰਤੀਕ ਹੋ ਨਿਬੜਦਾ ਹੈ। ਜਦੋਂ ਅਸੀਂ ਕਬੀਰ ਜੀ ਦੀ ਅਧਿਆਤਮਕ ਸਿਖਿਆ ਵਲ ਨਜ਼ਰ ਮਾਰਦੇ ਹਾਂ ਤਾਂ ਇਨ੍ਹਾਂ ਰਵਾਇਤਾਂ ਦੇ ਪਿਛੋਕੜ ਵਿਚ ਲੁਕਿਆ

* ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਵਿਚਾਰਧਾਰਾਈ ਪ੍ਰਸੰਗ ਉਜਾਗਰ ਹੋ ਉੱਠਦਾ ਹੈ। ਕਬੀਰ ਜੀ ਨੇ ਆਪਣੀ ਰੂਹਾਨੀ ਸਿਖਿਆ ਉੱਤਰੀ ਭਾਰਤ ਵਿਚ ਭਗਤੀ ਲਹਿਰ ਦਾ ਮੁੱਢ ਬੰਨ੍ਹਣ ਵਾਲੇ ਪ੍ਰਸਿੱਧ ਸੰਤ ਸੁਆਮੀ ਰਾਮਾਨੰਦ ਜੀ ਪਾਸੋਂ ਗ੍ਰਹਿਣ ਕੀਤੀ। ਇਸ ਬਾਰੇ ਕਬੀਰ-ਪੰਥੀਆਂ ਵਿਚ ਇਕ ਦੋਹਾ ਪ੍ਰਚੱਲਤ ਹੈ -

ਭਗਤੀ ਦ੍ਰਾਵਿੜ ਉਪਜੀ ਲਾਏ ਰਾਮਾਨੰਦ,

ਪ੍ਰਗਟ ਕੀਆ ਕਬੀਰ ਨੇ ਸਪਤ ਦੀਪ ਨਵਖੰਡ।

ਪੰਜਾਬੀ ਸਾਹਿਤ ਦੇ ਵਿਦਵਾਨ ਖੋਜੀ ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਭਗਤ ਕਬੀਰ, ਭਗਤ ਪੀਪਾ ਅਤੇ ਭਗਤ ਰਵਿਦਾਸ ਦੇ ਰੂਹਾਨੀ ਗੁਰੂ ਵੈਸ਼ਨਵ ਸੰਪ੍ਰਦਾਇ ਨਾਲ ਸੰਬੰਧਿਤ ਸੁਆਮੀ ਰਾਮਾਨੰਦ ਸਨ। ਦਿਲਚਸਪ ਤੇ ਮਹੱਤਵਪੂਰਣ ਗੱਲ ਇਹ ਹੈ ਕਿ ਕਬੀਰ ਜੀ ਇਕ ਮੁਸਲਿਮ ਪਰਿਵਾਰ ਵਿਚ ਪਲ ਕੇ ਵੱਡੇ ਹੋਏ ਅਤੇ ਹਿੰਦੂ ਸੰਤ ਸੁਆਮੀ ਰਾਮਾਨੰਦ ਦੇ ਸ਼ਿੱਸ਼ ਬਣੇ। ਇਹੀ ਕਾਰਣ ਹੈ ਕਿ ਉਨ੍ਹਾਂ ਨੂੰ ਦੋਹਾਂ ਧਰਮ-ਸੰਸਕ੍ਰਿਤੀਆਂ ਦਾ ਡੂੰਘਾ ਅਨੁਭਵ ਅਤੇ ਗਿਆਨ ਹਾਸਿਲ ਸੀ। ਇਸ ਤੱਥ ਦਾ ਪ੍ਰਗਟਾਵਾ ਉਨ੍ਹਾਂ ਦੀ ਬਾਣੀ ਵਿਚ ਵੀ ਭਲੀ ਭਾਂਤ ਹੋਇਆ ਹੈ।

ਕਬੀਰ ਜੀ ਨੇ ਆਪਣੀ ਬਾਣੀ ਵਿਚ ਅਨੇਕਾਂ ਥਾਵਾਂ ਉੱਤੇ ਆਪਣੇ ਜੀਵਨ ਅਤੇ ਆਪਣੀ ਜਾਤੀ ਬਾਰੇ ਕਥਨ ਕੀਤੇ ਹਨ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ

ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥

ਹਮਰੇ ਰਾਮ ਨਾਮ ਕਹਿ ਉਬਰੇ

ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥[2]

ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ ॥

ਤੁਮ੍ਹ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥[3]

ਇਨ੍ਹਾਂ ਕਥਨਾਂ ਅਨੁਸਾਰ ਉਹ ਜਾਤ ਦੇ ਜੁਲਾਹੇ ਸਨ ਪਰ ਇਹ ਗੱਲ ਉਹ ਕਿਸੇ ਕਿਸਮ ਦੇ ਹੀਣਤਾ ਭਾਵ ਨਾਲ ਨਹੀਂ ਸਗੋਂ ਮਾਣ ਨਾਲ ਅਖਦੇ ਹਨ। ਕਬੀਰ ਬਾਣੀ ਵਿਚ ਇਸ ਕਿਸਮ ਦੇ ਸਵੈ-ਜੀਵਨੀ-ਮੂਲਕ ਵੇਰਵੇ ਹੋਰ ਵੀ ਅਨੇਕਾਂ

ਥਾਵਾਂ ਉੱਤੇ ਮਿਲਦੇ ਹਨ। ਖ਼ਾਸ ਤੌਰ ਤੇ ਉਨ੍ਹਾਂ ਨੇ ਆਪਣੇ ਮੁੱਢਲੇ ਪਰਿਵਾਰਕ ਜੀਵਨ ਦੀਆਂ ਕਠਿਨਾਈਆਂ ਦਾ ਵੇਰਵਾ ਜਿਨ੍ਹਾਂ ਸੰਕੇਤਕ ਛੋਹਾਂ ਨਾਲ ਦਿੱਤਾ ਹੈ ਉਹ ਬਹੁਤ ਪ੍ਰਭਾਵਸ਼ਾਲੀ ਹੈ। ਉਦਾਹਰਣ ਵਜੋਂ –

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥
ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥1॥
ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥
ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥1॥ ਰਹਾਉ ॥
ਜਬ ਲਗੁ ਤਾਗਾ ਬਾਹਉ ਬੇਹੀ ॥
ਤਬ ਲਗੁ ਬਿਸਰੈ ਰਾਮੁ ਸਨੇਹੀ ॥2॥
ਓਛੀ ਮਤਿ ਮੇਰੀ ਜਾਤਿ ਜੁਲਾਹਾ ॥
ਹਰਿ ਕਾ ਨਾਮੁ ਲਹਿਓ ਮੈ ਲਾਹਾ ॥3॥
ਕਹਤ ਕਬੀਰ ਸੁਨਹੁ ਮੇਰੀ ਮਾਈ ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥[4]

ਕਬੀਰ ਜੀ ਦੇ ਇਨ੍ਹਾਂ ਕਥਨਾਂ ਵਿਚੋਂ ਸੱਭ ਤੋਂ ਦਿਲਚਸਪ ਕਥਨ ਹੈ – 'ਮਸਿ ਕਾਗਦ ਛੂਆ ਨਹੀਂ, ਕਲਮ ਗਹੀ ਨਹਿਂ ਹਾਥਾ'। ਜੇ ਇਸ ਕਥਨ ਨੂੰ ਅੱਖਰੀ ਰੂਪ ਵਿਚ ਲਿਆ ਜਾਵੇ ਤਾਂ ਇਸਦਾ ਅਰਥ ਇਹ ਨਿਕਲਦਾ ਹੈ ਕਿ ਕਬੀਰ ਜੀ ਨਿਰ-ਅੱਖਰ ਜਾਂ ਅਨਪੜ੍ਹ ਸਨ। ਡਾ. ਧਰਮਪਾਲ ਸਿੰਗਲ ਦੇ ਮਤ ਅਨੁਸਾਰ "ਇਹ ਨਿਰੇ ਨਿਰਮਾਣਤਾ ਸੂਚਕ ਸ਼ਬਦ ਨਹੀਂ ਸਗੋਂ ਯਥਾਰਥ ਦੇ ਲਖਾਇਕ ਹਨ। ਕਬੀਰ ਜੀ ਦੀ ਬਹੁਤੀ ਬਾਣੀ ਮਗਰੋਂ ਉਨ੍ਹਾਂ ਦੇ ਸ਼ਿਸ਼ਾਂ ਨੇ, ਖਾਸ ਕਰਕੇ ਧਰਮਦਾਸ ਨੇ ਹੀ ਇਕੱਤਰ ਕੀਤੀ ।"[5] ਕਬੀਰ ਜੀ ਨਿਰ-ਅੱਖਰ ਸਨ ਜਾਂ ਨਹੀਂ, ਇਹ ਗੱਲ ਤਾਂ ਬਹਿਸ-ਤਲਬ ਹੋ ਸਕਦੀ ਹੈ ਪਰ ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਉਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਵੱਡ-ਆਕਾਰੀ ਰਚਨਾ ਕੀਤੀ ਜਿਸਦੇ ਕਈ ਸੰਗ੍ਰਹਿ ਮਿਲਦੇ ਹਨ। ਵਿਦਵਾਨ ਖੋਜਕਾਰਾਂ ਅਨੁਸਾਰ ਕਬੀਰ ਜੀ ਦੀ ਪ੍ਰਾਪਤ ਰਚਨਾ ਦਾ ਵੇਰਵਾ ਨਿਮਨ-ਅੰਕਿਤ ਹੈ :

(1) ਆਦਿ ਗ੍ਰੰਥ ਵਿਚ ਇਨ੍ਹਾਂ ਦੇ ਕੁਲ 541 ਸ਼ਬਦ ਤੇ ਸ਼ਲੋਕ ਦਰਜ ਹਨ ਜਿਨ੍ਹਾਂ ਦੀ ਪ੍ਰਾਮਾਣਿਕਤਾ ਬਾਰੇ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ।

(2) ਬੀਜਕ, ਕਬੀਰ ਗ੍ਰੰਥਾਵਲੀ {ਸੰਪਾ. ਬਾਬੂ ਸ਼ਿਆਮ ਸੁੰਦਰ ਦਾਸ}

(3) ਕਬੀਰ ਰਚਨਾਵਲੀ {ਸੰਪਾ. ਅਯੋਧਿਆ ਸਿੰਘ ਉਪਾਧਿਆਇ},

(4) ਕਬੀਰ ਕੇ ਪਦ {ਕਸ਼ਿਤੀ ਮੋਹਨ ਸੇਨ}

(5) ਕਬੀਰ ਗ੍ਰੰਥਾਵਲੀ {ਡਾ. ਪਾਰਸ ਨਾਥ ਤਿਵਾੜੀ} ਅਤੇ

(6) ਕਬੀਰ {ਡਾ. ਹਜ਼ਾਰੀ ਪ੍ਰਸਾਦ ਦਵੇਦੀ}

ਪੰਡਿਤ ਪਰਸ਼ੂ ਰਾਮ ਚਤੁਰਵੇਦੀ ਅਨੁਸਾਰ ਕਬੀਰ ਜੀ ਨੇ ਭਿੰਨ-ਭਿੰਨ ਸੋਮਿਆਂ ਦਾ ਪ੍ਰਭਾਵ ਗ੍ਰਹਿਣ ਕਰਦਿਆਂ ਆਪਣੀ ਵਿਲੱਖਣ ਵਿਚਾਰਧਾਰਾ ਦੀ ਉਸਾਰੀ ਕੀਤੀ। ਉਨ੍ਹਾਂ ਦੇ ਸ਼ਬਦਾਂ ਵਿਚ "ਇਨ੍ਹਾਂ ਨੇ ਹਿੰਦੂ ਧਰਮ ਤੋਂ ਅਦਵੈਤ ਸਿੱਧਾਂਤ, ਵੈਸ਼ਣਵ ਸੰਪ੍ਰਦਾਇ ਦੀ ਭਗਤੀਮਈ ਉਪਾਸਨਾ, ਕਰਮਵਾਦ, ਜਨਮਾਂਤਰਵਾਦ ਆਦਿ ਗੱਲਾਂ ਗ੍ਰਹਿਣ ਕੀਤੀਆਂ, ਬੌਧ ਧਰਮ ਤੋਂ ਸ਼ੂਨਯਵਾਦ, ਅਹਿੰਸਾ, ਮੱਧਮ ਮਾਰਗ ਆਦਿ ਅਪਣਾਏ ਅਤੇ ਇਸਲਾਮ ਧਰਮ ਤੋਂ ਇਕ-ਈਸ਼ਵਰਵਾਦ, ਭ੍ਰਾਤਰੀਭਾਵਅਤੇ ਸੂਫ਼ੀ ਸੰਪ੍ਰਦਾਇ ਤੋਂ ਪ੍ਰੇਮ-ਭਾਵਨਾ ਨੂੰ ਲੈਕੇ ਸੱਭ ਦੇ ਸੁਮੇਲ ਤੋਂ ਇਕ ਨਵਾਂ ਪੰਥ ਚਲਾ ਦੇਣ ਦੀ ਚੇਸ਼ਟਾ ਕੀਤੀ।"[6]

ਇਸ ਤਰ੍ਹਾਂ ਭਗਤ ਕਬੀਰ ਨੇ ਆਪਣੇ ਸਮਕਾਲੀ ਸਭਿਆਚਾਰਕ ਵਿਰਸੇ ਅਤੇ ਪ੍ਰਚੱਲਤ ਧਰਮ-ਸੰਪ੍ਰਦਾਵਾਂ ਦੇ ਵਿਚਾਰਾਂ ਦਾ ਸਰਬਗ੍ਰਾਹੀ ਢੰਗ ਨਾਲ ਇਸਤੇਮਾਲ ਕਰਦਿਆਂ ਸਮਨਵੈ ਅਤੇ ਸੁਮੇਲ ਦੀ ਭਾਵਨਾ ਦਾ ਪ੍ਰਮਾਣ ਪੇਸ਼ ਕੀਤਾ। ਇਹ ਮੱਧਕਾਲੀਨ ਭਗਤੀ ਲਹਿਰ ਦੀ ਹੀ ਬਿਹਤਰੀਨ ਪ੍ਰਾਪਤੀ ਮੰਨੀ ਜਾ ਸਕਦੀ ਹੈ ਜਿਸਦਾ ਪ੍ਰਤਿਫਲ ਹਿੰਦੂ-ਮੁਸਲਿਮ ਸਭਿਆਚਾਰਕ ਸਮਨਵੈ ਜਾਂ ਸੁਮੇਲ ਦੇ ਰੂਪ ਵਿਚ ਸਾਮ੍ਹਣੇ ਆਇਆ।

ਭਗਤ ਕਬੀਰ ਨੇ ਆਪਣੇ ਰਹੱਸਵਾਦੀ ਅਨੁਭਵ ਰਾਹੀਂ ਬੰਦੇ ਅਤੇ ਖ਼ੁਦਾ ਦੀ ਰੂਹਾਨੀ ਏਕਤਾ ਅਤੇ ਅਭੇਦਤਾ ਉੱਤੇ ਬਲ ਦਿੱਤਾ। ਇਸ ਗੱਲ ਦਾ ਪ੍ਰਮਾਣ ਕਬੀਰ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਵਿਚੋਂ ਸਹਿਜੇ ਹੀ ਮਿਲ ਜਾਂਦਾ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥1॥

ਲੋਗਾ ਭਰਮਿ ਨ ਭੂਲਹੁ ਭਾਈ ॥ਖਾਲਿਕੁ ਖਲਕ ਖਲਕ ਮਹਿ ਖਾਲਿਕੁ

ਪੂਰਿ ਰਹਿਓ ਸ੍ਰਬ ਠਾਂਈ ॥1॥ ਰਹਾਉ ॥

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥

ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥2॥

ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥3॥

ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥

ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥4॥[7]

ਇਸ ਤਰ੍ਹਾਂ ਭਗਤ ਕਬੀਰ ਦਾ ਇਹ ਜੀਵਨ-ਦਰਸ਼ਨ ਦੈਵੀ ਸੱਤਾ ਨੂੰ ਇਕ ਸਰਬ-ਉੱਚ ਅਤੇ ਸਰਬ-ਵਿਆਪਕ ਹੋਂਦ ਮੰਨਦਾ ਹੈ। ਇਹ ਨਿਰਗੁਣ / ਨਿਰਾਕਾਰ ਬ੍ਰਹਮ ਦੇ ਸੰਕਲਪ ਦੀ ਸਵੀਕ੍ਰਿਤੀ ਦਾ ਲਖਾਇਕ ਹੈ। ਇਹੀ ਕਾਰਣ ਹੈ ਕਬੀਰ ਬਾਣੀ ਵਿਚ ਕਰਮਕਾਂਡ ਅਤੇ ਆਡੰਬਰ-ਯੁਕਤ ਸਾਧਨਾ ਨੂੰ ਨਕਾਰਿਆ ਗਿਆ ਹੈ। ਇਸ ਦ੍ਰਿਸਟੀ ਤੋਂ ਕਬੀਰ ਜੀ ਪੰਡਿਤ ਅਤੇ ਮੁੱਲਾਂ ਨਾਲ ਵਿਅੰਗ ਅਤੇ ਕਟਾਖ਼ਸ਼ ਦੀ ਜ਼ੁਬਾਨ ਵਿਚ ਸੰਵਾਦ ਰਚਾਉਂਦੇ ਹਨ। ਉਹ ਬ੍ਰਾਹਮਣ ਨੂੰ ਸੰਬੋਧਿਤ ਹੋ ਕੇ ਆਖਦੇ ਹਨ – "ਤੇਰਾ ਮੇਰਾ ਮਨੂਆ ਕੈਸੇ ਇਕ ਹੋਈ, ਤੂ ਕਹਿਤਾ ਕਾਗਦ ਕੀ ਲੇਖੀ ਮੈ ਕਹਿਤਾ ਆਂਖਨ ਦੇਖੀ"। ਇਸੇ ਤਰ੍ਹਾਂ ਹੀ ਉਹ ਮੁੱਲਾਂ ਨੂੰ ਸੰਬੋਧਿਤ ਹੋ ਕੇ ਆਖਦੇ ਹਨ – "ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਿਰਾ ਹੋਇ"

ਅਸਲ ਵਿਚ ਕਬੀਰ ਦੀ ਵਿਸ਼ਵ-ਦ੍ਰਿਸ਼ਟੀ ਹਰ ਤਰ੍ਹਾਂ ਦੀ ਧਾਰਮਿਕ ਕੱਟੜਤਾ ਜਾਂ ਸੰਪ੍ਰਦਾਇਕ ਸੰਕੀਰਣਤਾ ਤੋਂ ਮੁਕਤ ਹੈ। ਉਨ੍ਹਾਂ ਦਾ ਚਿੰਤਨ ਮਨੁੱਖ ਦੀ ਮਨੁੱਖਤਾ ਨੂੰ ਪਹਿਲ ਦੇਣ ਵਾਲਾ ਹੈ – ਹਿੰਦੂ ਜਾਂ ਤੁਰਕ ਨੂੰ ਨਹੀਂ :

ਹਿੰਦੂ ਤੁਰਕ ਕਹਾ ਤੇ ਆਏ

ਕਿਨਿ ਏਹ ਰਾਹ ਚਲਾਈ ॥

ਦਿਲ ਮਹਿ ਸੋਚਿ ਬਿਚਾਰਿ ਕਵਾਦੇ

ਭਿਸਤ ਦੋਜਕ ਕਿਨਿ ਪਾਈ ॥1॥

ਕਾਜੀ ਤੈ ਕਵਨ ਕਤੇਬ ਬਖਾਨੀ ॥

ਪੜ੍ਹਤ ਗੁਨਤ ਐਸੇ ਸਭ ਮਾਰੇ

ਕਿਨਹੂੰ ਖਬਰਿ ਨ ਜਾਨੀ ॥1॥ ਰਹਾਉ ॥[8]

ਬੁਤ ਪੂਜਿ ਪੂਜਿ ਹਿੰਦੂ ਮੂਏ

ਤੁਰਕ ਮੂਏ ਸਿਰੁ ਨਾਈ ॥

ਓਇ ਲੇ ਜਾਰੇ ਓਇ ਲੇ ਗਾਡੇ

ਤੇਰੀ ਗਤਿ ਦੁਹੂ ਨ ਪਾਈ ॥[9]

ਇਸ ਤਰ੍ਹਾਂ ਕਬੀਰ ਬਾਣੀ ਦੇ ਵਿਸ਼ੈਗਤ ਸਰੋਕਾਰ ਸਮੁੱਚੇ ਤੌਰ ਤੇ ਗੁਰਮਤਿ ਕਾਵਿ ਨਾਲ ਡੂੰਘੀ ਸਮਾਨਤਾ ਰੱਖਦੇ ਹਨ। ਗੁਰਬਾਣੀ ਦੇ ਵਿਚਾਰਧਾਰਾਈ ਸੰਦੇਸ਼ ਦੇ ਅਨੁਕੂਲ ਕਬੀਰ-ਬਾਣੀ ਵਿਚ ਵੀ ਜਾਤੀ-ਪ੍ਰਥਾ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਇਸ ਮੰਤਵ ਲਈ ਉਨ੍ਹਾਂ ਨੇ ਜਿੱਥੇ ਰੂਹਾਨੀ ਵਿਵੇਕ ਦੀ ਵਰਤੋਂ ਕੀਤੀ ਹੈ ਉਥੇ ਲੋਕ-ਸੂਝ ਦੇ ਕਟਾਖ਼ਸ਼ ਭਰੇ ਬੋਲਾਂ ਦੀ ਵਰਤੋਂ ਵੀ ਕੀਤੀ ਹੈ। ਮਿਸਾਲ ਵਜੋਂ ਇਸ ਰਚਨਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥

ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥1॥

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥

ਬਾਮਨ ਕਹਿ ਕਹਿ ਜਨਮੁ ਮਤ ਖੋਏ ॥1॥ ਰਹਾਉ ॥

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥

ਤਉ ਆਨ ਬਾਟ ਕਾਹੇ ਨਹੀ ਆਇਆ ॥2॥

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥

ਹਮ ਕਤ ਲੋਹੂ ਤੁਮ ਕਤ ਦੂਧ ॥3॥

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥[10]

ਮਨੁੱਖ ਮਾਤਰ ਦੀ ਰੂਹਾਨੀ ਏਕਤਾ ਨੂੰ **ਬ੍ਰਹਮ ਬਿੰਦੁ** ਦੇ ਹਵਾਲੇ ਨਾਲ ਵਿਸ਼ਵ-ਵਿਆਪੀ ਦੈਵੀ ਹੋਂਦ ਨਾਲ ਸੰਬੰਧਿਤ ਕਰਨਾ ਕਬੀਰ ਜੀ ਦੀ ਬ੍ਰਹਿਮੰਡੀ ਚੇਤਨਾ ਦਾ ਹੀ ਪ੍ਰਮਾਣ ਹੈ। ਇਸ ਅਧਿਆਤਮਕ / ਦਾਰਸ਼ਨਿਕ ਪ੍ਰਮਾਣ ਦੇ ਸਮਾਨੰਤਰ ਉਹ ਬ੍ਰਾਹਮਣ ਅਤੇ ਸ਼ੂਦਰ (ਕੁਲੀਨ ਅਤੇ ਦਲਿਤ) ਦੀ ਪ੍ਰਚੱਲਤ ਮਿੱਥ ਨੂੰ ਲੋਕ-ਸੂਝ ਦੇ ਤਰਕ ਰਾਹੀਂ ਵਿਸਫੋਟਿਤ ਕਰ ਦਿੰਦੇ ਹਨ – 'ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ਤਉ ਆਨ ਬਾਟ ਕਾਹੇ ਨਹੀ ਆਇਆ'। ਕਬੀਰ ਜੀ ਦੀ ਕ੍ਰਾਂਤੀਕਾਰੀ ਚੇਤਨਾ ਦਾ ਪ੍ਰਮਾਣ ਇਹ ਹੈ ਕਿ ਉਨ੍ਹਾਂ ਨੇ ਬ੍ਰਾਹਮਣ ਦੇ ਸੰਕਲਪ ਨੂੰ ਨਵੀਂ ਪਰਿਭਾਸ਼ਾ ਦੇ ਕੇ ਉਸਨੂੰ ਜਾਤ ਅਤੇ ਜਨਮ ਦੇ ਪਰੰਪਰਕ ਸੰਕਲਪ ਨਾਲੋਂ ਤੋੜ ਦਿੱਤਾ। ਕਬੀਰ ਲਈ ਅਸਲੀ ਬ੍ਰਾਹਮਣ ਉਹ ਹੈ ਜਿਹੜਾ ਬ੍ਰਹਮ (ਸਰਬ-ਵਿਆਪੀ ਦੈਵੀ ਹੋਂਦ) ਨੂੰ ਆਪਣੇ ਚਿੰਤਨ ਦਾ ਆਧਾਰ ਬਣਾਉਂਦਾ ਹੈ – 'ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ'। ਇਸੇ ਵਿਚਾਰ ਦੀ ਪ੍ਰਤਿਧੁਨੀ ਸਾਨੂੰ ਬਾਦ ਵਿਚ ਗੁਰੂ ਨਾਨਕ ਬਾਣੀ ਦੇ ਇਸ ਕਥਨ ਵਿਚ ਸੁਣਾਈ ਦਿੰਦੀ ਹੈ :

ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥

ਆਪਿ ਤਰੈ ਸਗਲੇ ਕੁਲ ਤਾਰੈ ॥[11]

ਹਿੰਦੀ ਦੇ ਪ੍ਰਸਿੱਧ ਵਿਦਵਾਨ ਡਾ. ਸੁਕਦੇਵ ਸਿੰਘ ਨੇ ਕਬੀਰ ਬਾਣੀ ਦੇ ਇਸੇ ਕ੍ਰਾਂਤੀਕਾਰੀ ਮਹੱਤਵ ਨੂੰ ਉਜਾਗਰ ਕਰਦਿਆਂ ਆਖਿਆ ਹੈ –

"ਮਨੁਖ ਦੇ ਦਮਨ ਅਤੇ ਅਪਮਾਨ ਦੇ ਖ਼ਿਲਾਫ਼ 'ਕਬੀਰ' ਇਕ ਆਕ੍ਰਾਮਕ ਸ਼ਬਦ ਹੈ। ਇਸ ਸ਼ਬਦ ਦੇ ਅਰਥ ਵਿਚ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਸੱਚ ਦੇ ਬਲ ਤੇ ਜਦ ਕੋਈ ਸੁਰ, ਜਦ ਕੋਈ ਵਿਦਰੋਹ, ਜਦ ਕੋਈ ਨਿਰਭੈ ਆਵਾਜ਼ ਕਾਰਜਸ਼ੀਲ ਹੁੰਦੀ ਹੈ – ਉਹ 'ਕਬੀਰ' ਸ਼ਬਦ ਦੇ ਅੰਦਰ ਹੁੰਦੀ ਹੈ। 'ਕਬੀਰ' ਵਿਰੋਧ ਤੇ ਸੱਚਾਈ ਦਾ ਪ੍ਰਤੀਕ ਹੈ। . . . ਕਬੀਰ ਇਕ ਅਜਿਹਾ ਸ਼ਬਦ ਹੈ, ਇਕ ਅਜਿਹਾ ਵਾਕ ਹੈ, ਇਕ ਅਜਿਹਾ ਗੀਤ ਹੈ, ਇਕ ਅਜਿਹਾ ਸ਼ਾਸਤਰ ਹੈ ਜਿਹੜਾ ਗ਼ੈਰ-ਬਰਾਬਰੀ ਦੇ ਖ਼ਿਲਾਫ਼ ਲੜਾਈ ਅਤੇ ਇਨਸਾਨੀਅਤ ਦੇ ਖ਼ਾਬਾਂ ਨਾਲ ਲਾਜ਼ਮੀ ਤੌਰ ਤੇ ਜੁੜ ਚੁੱਕਾ ਹੈ। ਕਬੀਰ ਮਨੁੱਖ ਦੀ ਵਿਜੈ ਯਾਤਰਾ ਦਾ ਝੰਡਾ ਹੈ।"[12]

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਕਬੀਰ-ਬਾਣੀ ਮੱਧਕਾਲੀਨ ਜਾਗ੍ਰਿਤੀ ਲਹਿਰ ਦੇ ਉਨ੍ਹਾਂ ਆਦਰਸ਼ਾਂ ਅਤੇ ਜੀਵਨ-ਮੁੱਲਾਂ ਦੀ ਪ੍ਰਤਿਨਿਧਤਾ ਕਰਦੀ ਹੈ ਜੋ ਜਾਤ, ਜਨਮ, ਕੁੱਲ ਅਤੇ ਧਰਮ ਦੇ ਵਿਤਕਰਿਆ ਨੂੰ ਮਿਟਾ ਕੇ ਸਰਬ-ਸਾਂਝ ਦਾ ਸੰਦੇਸ਼ ਦਿੰਦੀ ਹੈ। ਭਾਰਤ ਦੇ ਅਜੋਕੇ ਬਹੁਵਾਦੀ ਸਭਿਆਚਰਕ ਸਮਾਜ ਲਈ ਇਸ ਬਾਣੀ ਦਾ ਪ੍ਰਵਚਨ ਸ਼ਾਤਮਈ ਸਹਿ-ਹੋਂਦ ਦਾ ਪ੍ਰੇਰਣਾਦਾਇਕ ਮਾੱਡਲ ਪ੍ਰਦਾਨ ਕਰਦਾ ਹੈ ਜੋ ਇਸਦੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਦਾ ਹੀ ਪ੍ਰਮਾਣ ਹੈ।

**ਟਿਪਣੀਆਂ ਤੇ ਹਵਾਲੇ:**

[1] ਡਾ. ਧਰਮਪਾਲ ਸਿੰਗਲ (ਸੰਪਾ.), **ਭਗਤਾਂ ਦੀ ਬਾਣੀ**, ਪੰਨਾ - 87.

[2] ਆਦਿ ਗ੍ਰੰਥ, ਪੰਨਾ - 970.

[3] **ਓਹੀ,** ਪੰਨਾ - 482.

[4] **ਓਹੀ**, ਪੰਨਾ - 524-25.

[5] ਡਾ. ਧਰਮਪਾਲ ਸਿੰਗਲ (ਸੰਪਾ.), **ਭਗਤਾਂ ਦੀ ਬਾਣੀ**, ਪੰਨਾ - 99.

[6] **ਉੱਤਰੀ ਭਾਰਤ ਕੀ ਸੰਤ ਪਰੰਪਰਾ,** ਪੰਨਾ - 178.

[7] **ਆਦਿ ਗ੍ਰੰਥ**, ਪੰਨਾ - 1349-50.

[8] **ਓਹੀ,** ਪੰਨਾ - 477.

[9] **ਓਹੀ**, ਪੰਨਾ - 654.

[10] **ਆਦਿ ਗ੍ਰੰਥ**, ਪੰਨਾ - 324.

[11] **ਓਹੀ**, ਪੰਨਾ - 662.

[12] ਦੇਖੋ, ਡਾ. ਧਰਮਪਾਲ ਸਿੰਗਲ (ਸੰਪਾ.), **ਭਗਤਾਂ ਦੀ ਬਾਣੀ**, ਪੰਨਾ - 101.